ਕੰਮ ਤੇ ਭੇਦ-ਭਾਵ ਇਹ ਤਕਰੀਬਨ ਖਤਮ ਹੀ ਹੈ।

ਨਵੇਂ ਕਾਨੂੰਨ ਅਨੁਸਾਰ ਹੁਣ ਤੁਹਾਨੂੰ ਲਿੰਗਕ ਰੁਝੇਵਿਆਂ ਕਰਕੇ ਹੋਰ ਜਿਆਦਾ ਸਮਾਂ ਕੋਈ ਦੁੱਖ ਨਹੀਂ ਉਠਾਉਣਾ ਪਵੇਗਾ। ਹੁਣ ਤੋਂ ਬਾਅਦ ਨਹੀਂ।



ਸਾਨੂੰ ਆਪਣੇ ਪੁਰਾਣੇ ਦਿਨਾਂ ਬਾਰੇ ਦੱਸੋ

ਜਦੋਂ ਸਕੂਲ ਦੇ ਬੱਚਿਆਂ ਨੇ ਅਧਿਆਪਕਾ ਸ਼ਰਲੀ ਦੀ ਜਿੰਦਗੀ ਨੂੰ ਦੁਖਦਾਈ ਬਣਾ ਦਿਤਾ ਤਾਂ ਮੁੱਖ-ਅਧਿਆਪਕ ਨੇ ਉਸ ਨੂੰ ਕਿਹਾ ਕਿ "ਉਸ ਨੂੰ ਇਹ ਸਾਰਾ ਕੁਝ ਚੁੱਪ-ਚਾਪ ਸਹਿਣਾ ਹੀ ਪਵੇਗਾ"। ਪਰ ਹੁਣ ਅਜਿਹਾ ਨਹੀਂ ਹੋਏਗਾ।

ਜਦੋਂ ਪੀਟਰ ਨੂੰ ਇਸ ਗਲ ਦਾ ਅਹਿਸਾਸ ਹੋਇਆ ਕਿ ਉਸ ਨੂੰ ਹੈਲਥ ਵਰਕਰ ਦੇ ਨਾਤੇ ਕੋਈ ਤਰੱਕੀ ਨਹੀਂ ਮਿਲ ਰਹੀ, ਉਸ ਨੂੰ ਪਤਾ ਸੀ ਕਿ ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਉਹ ਸਮ-ਲਿੰਗੀ ਮਰਦ (Gay) ਹੈ। ਇਸ ਦੀ ਵਜਾਹ? ਉਸ ਦਾ ਮੈਨੇਜਰ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਪਰ ਹੁਣ ਅਜਿਹਾ ਨਹੀਂ ਹੋਏਗਾ।

ਜਦੋਂ ਲੀਸਾ ਨੂੰ ਉਸ ਦੇ ਸਾਥੀ ਲਈ ਪਾਸ ਦੇਣ ਤੋਂ ਇਨਕਾਰ ਕੀਤਾ ਗਿਆ, ਭਾਵੇਂ ਉਸ ਦੇ ਇਕਰਾਰਨਾਮੇ (contract) ਵਿਚ ਇਹ ਵਾਅਦਾ ਕੀਤਾ ਗਿਆ ਸੀ ਕਿ ਉਸ ਦਾ "ਸਾਥੀ ਜਾਂ ਜੋ ਵੀ ਉਸ ਤੇ ਨਿਰਭਰ ਹੈ" ਉਹ ਮੁਫਤ ਸਫਰ ਕਰ ਸਕਦੀ ਹੈ। ਇਹ ਇਸ ਕਰਕੇ ਹੋਇਆ ਕਿ ਉਸ ਦੀ ਸਾਥੀ ਵੀ ਇਕ ਔਰਤ ਹੀ ਸੀ। ਪਰ ਹੁਣ ਅਜਿਹਾ ਨਹੀਂ ਹੋਏਗਾ।

ਸਮ-ਲਿੰਗੀ ਮਰਦ, ਸਮ-ਲਿੰਗੀ ਔਰਤ ਅਤੇ ਦੋ-ਲਿੰਗੀ ਵਿਅਕਤੀਆਂ (gay men, lesbians and bisexuals) ਨਾਲ ਲਿੰਗਕ ਰੁਝੇਵਿਆਂ ਕਰਕੇ ਜੋ ਸਲੂਕ ਕੀਤਾ ਜਾਂਦਾ ਹੈ ਜਿਵੇਂ ਕਿ: ਕੰਮ ਤੋਂ ਜਵਾਬ ਹੋ ਜਾਣਾ, ਪ੍ਰੇਸ਼ਾਨੀ, ਘੱਟ ਸਹੂਲਤਾਂ, ਕੰਮ ਵਿਚ ਤਰੱਕੀ ਨਾ ਮਿਲਣੀ ਆਦਿ, ਹੁਣ ਇਹ ਸਾਰਾ ਕੁਝ ਖਤਮ ਹੋ ਚੁਕਾ ਹੈ, ਕਿਉਂਕਿ ਇਹ ਕਾਨੂੰਨ ਦੇ ਵਿਰੁੱਧ ਹੈ।

ਇਹ ਨਿਸਚਿਤ ਕਰੋ ਕਿ ਕਾਨੂੰਨ ਦੀ ਵਰਤੋਂ ਕੀਤੀ ਜਾਵੇ।

ਨਵੇਂ ਕਾਨੂੰਨ ਅਨੁਸਾਰ, ਹੁਣ ਤੁਹਾਨੂੰ ਕੰਮ ਤੇ ਤਿੰਨ ਤਰ੍ਹਾਂ ਦੇ ਅਨੁਚਿੱਤ ਵਿਹਾਰਾਂ ਦਾ ਸਾਹਮਣਾ ਨਹੀਂ ਕਰਨਾ ਪੈਣਾ।

ਸਿੱਧਾ ਭੇਦ-ਭਾਵ

ਜੋ ਕੁਝ ਆਮ ਕਰਮਚਾਰੀਆਂ ਲਈ ਠੀਕ ਹੈ ਉਹ ਸਭ ਕੁਝ ਤੁਹਾਡੇ ਲਈ ਵੀ ਠੀਕ ਹੈ। ਜੇ ਕੰਮ ਤੇ ਆਮ ਲੋਕ ਹੱਥ ਪੱਕੜ ਸਕਦੇ ਹਨ ਤਾਂ ਮਿਸਾਲ ਦੇ ਤੌਰ ਤੇ, ਤੁਸੀਂ ਵੀ ਇਸ ਤਰ੍ਹਾਂ ਕਰ ਸਕਦੇ ਹੋ। ਸਪੱਸ਼ਟ ਹੈ, ਜੇ ਆਮ ਲੋਕਾਂ ਨੂੰ ਕਿਸੇ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ ਤਾਂ ਉਹ ਤੁਹਾਡੇ ਉਪਰ ਵੀ ਲਾਗੂ ਹੁੰਦਾ ਹੈ।

ਪੱਚੀ ਸਮ-ਲਿੰਗੀ ਮਰਦਾਂ, ਸਮ-ਲਿੰਗੀ ਔਰਤਾਂ ਜਾਂ ਦੋ ਲਿੰਗੀ ਵਿਅਕਤੀਆਂ ਵਿਚੋਂ ਇਕ ਨੂੰ ਉਨ੍ਹਾਂ ਦੇ ਕਹਿਣ ਮੁਤਾਬਿਕ ਲਿੰਗਕ ਰੁਝੇਵਿਆਂ ਕਰਕੇ ਕੰਮ ਤੋਂ ਬਰਖਾਸਤ ਕਰ ਦਿਤਾ ਗਿਆ ਹੈ। ਹੁਣ ਸਾਨੂੰ ਇਸ ਲਈ ਝਗੜਨ ਦੀ ਜਰੂਰਤ ਨਹੀਂ ਹੈ।

ਅਸਿੱਧੇ ਤੌਰ ਤੇ ਭੇਦ-ਭਾਵ

ਇਸ ਦਾ ਮਤਲਬ ਕਿ ਤੁਹਾਡਾ ਮਾਲਕ ਕਿਉਂ ਇਨ੍ਹਾਂ ਸਹੂਲਤਾਂ, ਤਰੱਕੀਆਂ, ਜਾਂ ਜੋ ਵੀ ਚੰਗਿਆਈਆਂ ਹਨ ਉਨ੍ਹਾਂ ਨੂੰ ਸਿੱਧੇ ਲੋਕਾਂ ਨੂੰ ਹੀ ਦੇ ਸਕਦਾ ਹੈ ਅਤੇ ਜਿਨ੍ਹਾਂ ਨਾਲ ਤੁਹਾਨੂੰ ਵੀ ਫਾਇਦਾ ਹੋ ਸਕਦਾ ਹੈ। ਜੇ ਅਣ-ਵਿਆਹੇ ਸਾਥੀਆਂ ਨੂੰ ਕੰਮ ਤੇ ਕਿਸੇ ਉਤਸਵ ਲਈ ਬੁਲਾਇਆ ਜਾਂਦਾ ਹੈ ਤਾਂ ਤੁਹਾਡੇ ਸਾਥੀ ਨੂੰ ਵੀ ਬਿਨਾਂ ਕਿਸੇ ਰੁਕਾਵਟ ਦੇ ਕੰਮ ਤੇ ਆਉਣ ਲਈ ਜੀਅ ਆਇਆਂ ਕਿਹਾ ਜਾਵੇਗਾ।

ਲਗਭਗ ਦਸਾਂ ਸਮ-ਲਿੰਗੀ ਮਰਦਾਂ, ਔਰਤਾਂ ਜਾਂ ਦੋ ਲਿੰਗੀ ਵਿਅਕਤੀਆਂ ਵਿਚੋਂ ਇਕ ਨੂੰ ਉਨ੍ਹਾਂ ਦੇ ਕਹਿਣ ਦੇ ਮੁਤਾਬਿਕ ਲਿੰਗਕ ਰੁਝੇਵਿਆਂ ਕਰਕੇ ਕੰਮ ਤੇ ਤਰੱਕੀ ਦੇਣ ਤੋਂ ਇਨਕਾਰ ਕਰ ਦਿਤਾ ਗਿਆ ਹੈ। ਹੁਣ ਸਾਨੂੰ ਇਸ ਲਈ ਝਗੜਨੇ ਦੀ ਜਰੂਰਤ ਨਹੀਂ ਹੈ।

ਪ੍ਰੇਸ਼ਾਨੀ

ਮਾਲਕ ਜਾਂ ਨਾਲ ਦੇ ਕੰਮ ਕਰਨ ਵਾਲੇ ਸਾਥੀ ਜੋ ਇਹ ਸੋਚਦੇ ਹਨ ਕਿ ਉਹ ਇਹੋ ਜਿਹਾ ਵਾਤਾਵਰਣ ਬਣਾਕੇ ਤੁਹਾਡੀ ਜ਼ਿੰਦਗੀ ਨੂੰ ਨਰਕ ਬਣਾ ਸਕਦੇ ਹਨ ਕਿ ਕੋਈ ਸਮ-ਲਿੰਗੀ ਮਰਦ, ਔਰਤ ਜਾਂ ਦੋ ਲਿੰਗੀ ਵਿਅਕਤੀ ਇਸ ਵਿਚ ਰਹਿਣਾ ਪਸੰਦ ਨਾ ਕਰਨ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਸੋਚਣਾ ਪਵੇਗਾ।

ਭਾਵੇ ਤੁਸੀਂ ਕੰਮ ਨਹੀਂ ਕਰ ਰਹੇ ਹੋ ਫਿਰ ਵੀ ਤੁਹਾਨੂੰ ਇਹ ਨਹੀਂ ਹੋਣ ਦੇਣਾ ਚਾਹੀਦਾ।

ਪੰਜਾਂ ਸਮ-ਲਿੰਗੀ ਮਰਦਾਂ, ਸਮ-ਲਿੰਗੀ ਔਰਤਾਂ ਜਾਂ ਦੋ ਲਿੰਗੀ ਵਿਅਕਤੀਆਂ ਵਿਚੋਂ ਤਕਰੀਬਨ ਇਕ ਨੂੰ ਉਨ੍ਹਾਂ ਦੇ ਕਹਿਣ ਮੁਤਾਬਿਕ ਲਿੰਗਕ ਰੁਝੇਵਿਆਂ ਕਰਕੇ ਪ੍ਰੇਸ਼ਾਨ ਕੀਤਾ ਗਿਆ ਹੈ। ਹੁਣ ਉਨ੍ਹਾਂ ਨੂੰ ਵੀ ਇਸ ਬਾਰੇ ਝਗੜਨੇ ਦੀ ਜਰੂਰਤ ਨਹੀਂ ਹੈ।

ਛੋਟਾਂ (Exceptions)

ਪ੍ਰਮਾਣਿਤ ਧਰਮ

ਬਹੁਤ ਘਟ ਮਾਮਲਿਆਂ ਵਿਚ, ਮਾਲਕ ਜੋ ਕਿ ਆਪ ਕਿਸੇ ਪ੍ਰਮਾਣਿਤ ਧਰਮ ਨੂੰ ਮੰਨਦੇ ਹਨ ਉਹ ਅਜੇ ਵੀ ਸਮ-ਲਿੰਗੀ ਮਰਦ, ਸਮ-ਲਿੰਗੀ ਔਰਤ ਜਾਂ ਦੋ ਲਿੰਗੀ ਵਿਅਕਤੀਆਂ ਨੂੰ ਕੰਮ ਦੇਣ ਤੋਂ ਇਨਕਾਰ ਕਰ ਸਕਦੇ ਹਨ ਜੇਕਰ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਇਹ ਓਪਰਾ ਜਿਹਾ ਲਗਦਾ ਹੈ। ਪਰ ਅਦਾਲਤ ਨੇ ਕਿਹਾ ਹੈ ਕਿ ਇਹ ਬਹੁਤ ਥੋੜੇ ਮਾਮਲਿਆਂ ਉਪਰ ਹੀ ਲਾਗੂ ਹੁੰਦਾ ਹੈ, ਜਿਵੇਂ ਕਿ ਪਾਦਰੀ ਜਾਂ ਇਮਾਮ। ਜੇ ਤੁਸੀ ਕਿਸੇ ਧਾਰਮਿਕ ਸਕੂਲ ਜਾਂ ਧਾਰਮਿਕ ਚੈਰਿਟੀ ਲਈ ਕੰਮ ਕਰਦੇ ਹੋ ਤਾਂ ਤੁਸੀ ਸੁਰੱਖਿਅਤ ਹੋ। ਅਤੇ ਜੇਕਰ ਤੁਸੀਂ ਪਹਿਲਾਂ ਹੀ ਕੰਮ ਤੇ ਲਗੇ ਹੋਏ ਹੋ ਤਾਂ ਤੁਹਾਡੇ ਨਾਲ ਕੋਈ ਮਾੜਾ ਸਲੂਕ ਕਰ ਹੀ ਨਹੀਂ ਸਕਦਾ।

ਵਿਆਹੇ ਜੋੜਿਆ ਲਈ ਬੈਨੀਫਿਟਸ

ਕਈ ਮਾਮਲਿਆਂ ਵਿਚ ਜੋ ਆਮ ਵਿਆਹੇ ਸਾਥੀਆਂ ਨੂੰ ਆਰਥਿਕ ਬੈਨੀਫਿੱਟ ਮਿਲਦੇ ਹਨ ਉਹ ਸਮ-ਲਿੰਗੀ ਮਰਦ ਜੋੜਿਆਂ ਨੂੰ ਆਪਣੇ-ਆਪ ਨਹੀਂ ਮਿਲਣਗੇ। ਪਰ ਕਈ ਚੰਗੇ ਮਾਲਕ ਇਹ ਸਾਰਾ ਕੁਝ ਪਹਿਲਾਂ ਹੀ ਪ੍ਰਦਾਨ ਕਰਦੇ ਹਨ। ਜੇਕਰ, ਸਮ-ਲਿੰਗੀ ਮਰਦ ਜੋ ਆਪਣੇ ਸਾਥੀ ਨੂੰ ਰਜਿਸਟਰ ਕਰਨਾ ਪਸੰਦ ਕਰਦੇ ਹਨ, ਉਹ ਸਾਲ ੨੦੦੫ ਦੇ ਆਖਿਰ ਵਿਚ ਕਰਵਾ ਸਕਦੇ ਹਨ, ਤਾਂ ਉਹ ਪੈਨਸ਼ਨ ਦੇ ਅਧਿਕਾਰ ਲੈਣ ਦੇ ਯੋਗ ਹੋਣਗੇ।

ਕੰਮ-ਕਾਰ ਸਬੰਧੀ ਜਰੂਰਤਾਂ

ਸਿਧਾਂਤਕ ਤੌਰ ਤੇ, ਕੁਝ ਕੰਮ ਇਹੋ ਜਿਹੇ ਹੋ ਸਕਦੇ ਹਨ ਜਿਸ ਲਈ ਆਮ ਵਿਅਕਤੀ (ਜਾਂ ਸਮ-ਲਿੰਗੀ ਮਰਦ, ਸਮ-ਲਿੰਗੀ ਔਰਤ ਜਾਂ ਦੋ ਲਿੰਗੀ) ਹੋਣ ਦੀ ਜਰੂਰਤ ਹੈ ਜੋ ਚੰਗੀ ਤਰ੍ਹਾਂ ਕੰਮ ਕਰਨ ਦੇ ਯੋਗ ਹੋਵੇ। ਅਜੇ, ਕੋਈ ਵੀ ਇਸ ਤਰ੍ਹਾਂ ਦੇ ਕੰਮ ਬਾਰੇ ਪੂਰੀ ਤਰ੍ਹਾਂ ਨਹੀਂ ਜਾਣਦਾ।

ਤਾਂ ਫਿਰ ਤੁਸੀਂ ਇਸ ਬਾਰੇ ਕੀ ਕਰੋਗੇ?

ਕੀ ਤੁਸੀਂ ਆਪਣੇ ਨਾਲ ਦੁਰ-ਵਿਹਾਰ ਕਰਨ ਵਾਲੇ ਨਾਲ ਗਲ ਕਰ ਸਕਦੇ ਹੋ? ਕਿ ਤੁਹਾਨੂੰ ਕਿਉਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ?

ਕੀ ਤੁਹਾਡੇ ਪਾਸ ਕੋਈ ਸਮਝਦਾਰ ਵਿਅਕਤੀ ਜਾਂ ਪਰਸਨਲ ਮੈਨੇਜਰ ਨਹੀਂ ਹੈ? ਕੀ ਤੁਸੀਂ ਉਸ ਨਾਲ ਗੁਪਤ ਰੂਪ ਵਿਚ ਗੱਲ-ਬਾਤ ਕਰ ਸਕਦੇ ਹੋ? ਇਸ ਬਾਰੇ ਪਤਾ ਕਰੋ।

ਕੀ ਤੁਸੀਂ ਸਟਾਫ ਐਸੋਸੀਏਸ਼ਨ ਜਾਂ ਟਰੇਡ ਯੂਨੀਅਨ ਦੇ ਮੈਂਬਰ ਹੋ? ਉਹ ਤੁਹਾਡੀ ਸ਼ਿਕਾਇਤ ਨੂੰ ਬੜੀ ਗੰਭੀਰਤਾ ਨਾਲ ਲੈਣਗੇ, ਉਨ੍ਹਾਂ ਨੂੰ ਕਾਨੂੰਨ ਦਾ ਸਾਰਾ ਪਤਾ ਹੋਣ ਕਰਕੇ ਉਹ ਸਿਰਫ ਕਾਨੂੰਨੀ ਤੌਰ ਤੇ ਉਹੀ ਕਰਨਗੇ ਜੋ ਤੁਸੀਂ ਚਾਹੁੰਦੇ ਹੋ।

ਕੀ ਤੁਹਾਡੇ ਸਿਟੀਜ਼ਨ ਐਡਵਾਈਸ ਬਿਉਰੋ ਤੇ ਕਿਸੇ ਅਜਨਬੀ ਜਾਂ ਸਮ-ਲਿੰਗੀ ਮਰਦ, ਸਮ-ਲਿੰਗੀ ਔਰਤ (ਲੈਸਬੀਅਨ ਅਤੇ ਗੇਅ) ਨਾਲ ਹੈਲਪ ਲਾਈਨ ਉਪਰ ਗਲ ਕਰਨੀ ਸੌਖੀ ਹੈ।

ਜੇਕਰ ਗੱਲ-ਬਾਤ ਜ਼ਿਆਦਾ ਬਿਗੜ ਜਾਂਦੀ ਹੈ, ਟ੍ਰਾਇਬਿਊਨਲ ਕੋਲ ਅਧਿਕਾਰ ਹਨ ਕਿ ਉਹ ਤੁਹਾਨੂੰ ਤੁਹਾਡੇ ਮਾਲਕ ਕੋਲੋਂ ਪੱਖ-ਪਾਤ ਜਾਂ ਪ੍ਰੇਸ਼ਾਨ ਕਰਨ ਦਾ ਮੁਆਵਜ਼ਾ ਦਿਵਾ ਸਕਦਾ ਹੈ ਅਤੇ ਕੇਸ ਦੇ ਮੁਤਾਬਿਕ ਇਸ ਦੀ ਕੋਈ ਹੱਦ ਨਹੀਂ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਜਲਦਬਾਜ਼ੀ ਕਰੋ, ਮਾਲਕ ਵਾਸਤੇ ਵੀ ਇਹ ਗ਼ੈਰ-ਕਾਨੂੰਨੀ ਹੈ ਕਿ ਉਹ ਤੁਹਾਡੇ ਨਾਲ ਰਸਮੀ ਤੌਰ ਤੇ ਸ਼ਕਾਇਤ ਨਾ ਕਰਨ ਦਾ ਫ਼ੈਸਲਾ ਕਰਨ ਤੇ ਕੋਈ ਪੱਖ-ਪਾਤ ਕਰੇ।

ਇਹ ਗੱਲ ਹੁਣ ਸਾਰਿਆਂ ਦੇ ਦਿਮਾਗ ਵਿਚ ਬੈਠ ਜਾਣੀ ਚਾਹੀਦੀ ਹੈ ਕਿ ਭੇਦ-ਭਾਵ ਕਰਨਾਂ ਸਦਾ ਵਾਸਤੇ ਖਤਮ ਹੋ ਗਿਆ ਹੈ।

ਸਿਟੀਜ਼ਨਜ਼ ਐਡਵਾਈਸ
www.citizensadvice.org.uk

ਕਮਿਊਨਿਟੀ ਲੀਗ਼ਲ ਸਰਵਿਸਿਜ਼
www.clsdirect.org.uk
0845 608 1122

ਟੀ ਯੂ ਸੀ - ਨੋਅ ਯੂਅਰ ਰਾਈਟਸ ਲਾਈਨ (TUC)
0870 600 4882

ਸਿਟੀਜ਼ਨਜ਼ ਐਡਵਾਈਸ ਸਿਮਰੂ
02920 376 750

ਸਿਟੀਜ਼ਨਜ਼ ਐਡਵਾਈਸ ਸਕੋਟਲੈਂਡ
0131 550 1000
email info@cas.org.uk

ਸਕੋਟਿਸ਼ ਇੰਪਲॉਇਮੈਂਟ ਰਾਈਟਸ ਨੈਟਵਰਕ
0131 556 3006

ਸਕੋਟਿਸ਼ ਐਸੋਸੀਏਸ਼ਨ ਔਫ ਲॉਅ ਸੈਂਟਰਜ਼
0141 440 2503

ਸਟੋਨਵॉਲ
020 7881 9440
ਮਿਨੀਕੌਮ: (minicom 020 7881 9996)

ਸਟੋਨਵॉਲ ਸਕोटलैंड
0141 204 0746

ਸਟੋਨਵॉਲ ਸਾਈਮਰੂ
02920 237 744 or 01248 370 082
www.stonewall.org.uk